# ਦਫਤਰ, ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

ਵੱਲ

ਸਮੂਹ ਸਕੂਲ ਮੁਖੀ
ਸਸਸਸ/ਸਹਸ
ਜਿਲ੍ਹਾ ਬਠਿੰਡਾ।
ਪੱਤਰ ਨੰ:ਡੀ.ਐਸ਼.ਐਸ/ਸਦ/2016/0170 ਮਿਤੀ:10-11-2016

**ਵਿਸ਼ਾ: ਪੰਜਾਬ ਦੇ ਸਕੂਲਾਂ ਵਿੱਚ ਸੰਗਤ ਦਰਪਣ ਸਕੂਲ ਦਰਸ਼ਨ ਪ੍ਰੋਗਰਾਮ (Visit and Valuate Schools)।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਵਿਕਾਸ ਅਤੇ ਸੰਚਾਰ ਸੰਸ਼ਥਾ ਚੰਡੀਗੜ ਦੇ ਸਹਿਯੋਗ ਨਾਲ ਐਸ.ਸੀ.ਈ.ਆਰ.ਟੀ.,ਪੰਜਾਬ ਵੱਲੋਂ ਸਕੂਲਾਂ ਦੇ ਸਰਵੇਖਣ ਅਤੇ ਮੁਲਾਂਕਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ।ਇਸ ਪ੍ਰੋਗਰਾਮ ਅਧੀਨ ਜਿਲ੍ਹੇ ਦੇ ਸਾਰੇ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦਾ ਸਰਵੇਖਣ ਅਤੇ ਮੁਲਾਂਕਣ ਕੀਤਾ ਜਾਣਾ ਹੈ।ਮੁਲਾਂਕਣ ਕਰਨ ਸਮੇਂ ਸਿੱਖਿਆ ਵਿਭਾਗ ਦੇ ਅਧਿਕਾਰੀਆ ਨਾਲ ਸਮੁਦਾਇ ਦੀਆ ਨਾਮਵਰ ਹਸਤੀਆਂ ਵੱਲੋਂ ਵੀ ਸਕੂਲ ਵਿਜਿਟ ਕੀਤੇ ਜਾਣੇ ਹਨ।ਇਹ ਪ੍ਰੋਗਰਾਮ 15-11-2016 ਤੋਂ 19-11-2016 ਤੱਕ ਹੋਵੇਗਾ।ਇਸ ਸਬੰਧੀ ਜਿਲ੍ਹਾ ਪੱਧਰ ਤੇ ਨਿਰੀਖਣ ਟੀਮਾਂ ਦਾ ਗਠਨ ਕੀਤਾ ਗਿਆ ਹੈ।ਸਮੂਹ ਸਕੂਲ ਮੁਖੀਆ ਨੂੰ ਲਿਖਿਆਂ ਜਾਂਦਾ ਹੈ ਕਿ ਇਸ ਪ੍ਰੋਗਰਾਮ ਤੋਂ ਪਹਿਲਾਂ ਪਹਿਲਾਂ ਆਪਣੇ ਸਕੂਲਾਂ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਲੋੜੀਂਦੇ ਸੁਧਾਰ ਕਰ ਲੈਣ, ਪੈਡਿੰਗ ਅਕਾਦਮਿਕ ਅਤੇ ਦਫਤਰੀ ਰਿਕਾਰਡ ਆਦਿ ਮੁਕੰਮਲ ਕਰ ਲੈਣ।

ਆਪੋ ਆਪਣੇ ਪਿੰਡ/ਸ਼ਹਿਰ/ਮੁਹੱਲਾ ਦੇ ਨੰਬਰਦਾਰਾਂ, ਸਰਪੰਚ,ਐਸ.ਐਮ.ਸੀ. ਦੇ ਅਹੁਦੇਦਾਰਾਂ ਅਤੇ ਇਲਾਕੇ ਵਿੱਚ ਵਿਸ਼ੇਸ ਸਥਾਨ ਰੱਖਣ ਵਾਲੀਆ ਨਾਮਵਰ ਹਸਤੀਆਂ ਦੇ ਫੋਨ ਨੰਬਰ **ਅੱਜ ਮਿਤੀ 10-11-2016 ਨੂੰ 12.00 ਵਜੇ** ਤੋਂ ਪਹਿਲਾਂ ਪਹਿਲਾਂ ਕਲੱਸਟਰ ਸਕੂਲਾਂ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ।ਇਸ ਵਿੱਚ ਸਮਾਜ ਦੇ ਸਾਰੇ ਵਰਗਾਂ ਨੂੰ ਯੋਗ ਸਥਾਨ ਦਿੱਤਾ ਜਾਵੇ।**ਕਲੱਸਟਰ ਮੁਖੀ ਸਕੂਲ ਵਾਈਜ ਮੁਕੰਮਲ ਵੇਰਵੇ ਹੇਠ ਲਿਖੇ ਪ੍ਰਫਾਰਮੇ ਅਨੁਸਾਰ ਕੰਪਾਈਲ ਕਰਕੇ 3.30 ਵਜੇ ਇੰਨਸਰਵਿਸ ਟ੍ਰੇਨਿੰਗ ਸੈਂਟਰ ਬਠਿੰਡਾ ਵਿਖੇ ਮੀਟਿੰਗ ਵਿੱਚ ਨਿੱਜੀ ਰੂਪ ਵਿੱਚ ਲੈ ਕੇ ਆਉਣਗੇ।ਇਸ ਮੀਟਿੰਗ ਵਿੱਚ ਕਲੱਸਟਰ ਮੁਖੀ ਦਾ ਭਾਗ ਲੈਣਾ ਲਾਜਮੀ ਹੋਵੇਗਾ।**

| ਲੜੀ ਨੰ | ਸਕੂਲ ਦਾ ਨਾਂ | ਨਾਮਵਰ ਹਸਤੀ ਦਾ ਨਾਂ | ਸ਼ਮਾਜ ਵਿੱਚ ਅਹੁਦਾ | ਫੋਨ ਨੰਬਰ |
|---|---|---|---|---|

ਸਮੂਹ ਹਾਈ ਅਤੇ ਸੈਕੰਡਰੀ ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਉਹ **ਸੰਗਤ ਦਰਪਣ ਸਕੂਲ ਦਰਸ਼ਨ ਪ੍ਰੋਗਰਾਮ** ਅਧੀਨ ਅਪਣਾਇਆ ਗਿਆ ਬੈਨਰ ਵੀ ਬਣਵਾਕੇ ਸਕੂਲ ਵਿਖੇ ਲਗਾ ਲੈਣ। ਹੋ ਸਕੇ ਤਾਂ ਇਸ ਬੈਨਰ ਦੀ ਪੇਂਟਿੰਗ ਕਿਸੇ ਕੰਧ ਉਪਰ ਬਣਵਾ ਲਈ ਜਾਵੇ।**ਬੈਨਰ ਵੱਖਰੇ ਤੌਰ ਤੇ ਆਪ ਜੀ ਨੂੰ ਭੇਜਿਆ ਜਾਵੇਗਾ।**

ਨੋਟ: ਇਨਾਂ ਦਿਨਾਂ ਦੌਰਾਨ ਸਕੂਲ ਮੁਖੀ ਦਾ ਸਕੂਲ ਵਿੱਚ ਹਾਜਰ ਰਹਿਣਾ ਲਾਜਮੀ ਹੈ, ਸਟੇਟ ਹੈਡਕੁਆਟਰ ਤੋਂ ਅਧਿਕਾਰੀ ਵੀ ਇਸ ਪ੍ਰੋਗਰਾਮ ਦੀ ਰੈਡਿੰਮ ਚੈਕਿੰਗ ਕਰਨਗੇ।

ਜਿਲ੍ਹਾ ਸਾਇੰਸ ਸੁਪਰਵਾਈਜਰ
ਬਠਿੰਡਾ